**ਆਜਾਦੀ ਘੁਲਾਟੀਆਂ ਦੀਆਂ ਪਤਨੀਆਂ ਨੂੰ ਪੰਜਾ**
**ਦੇ ਸੁਤੰਤਰਤਾ ਸੰਗਰਾਮੀਆਂ, ਉਨ੍ਹਾਂ ਦੀਆਂ ਵਿ**
**ਅਤੇ ਅਣਵਿਆਹੀਆਂ ਅਤੇ ਬੇਰੋਜ਼ਗਾਰ ਲੜਕੀਅ**
**ਇਨਡੋਰ ਇਲਾਜ ਤੋਂ ਆਏ ਖਰਚੇ ਦੀ ਪ੍ਰਤੀ ਪੂਰ**
**ਸਹੂਲਤ ਉਪਲੱਬਧ ਕਰਨ ਬਾਰੇ ।**

ਉਤਾਰਾ ਮੀਮੋ ਨੰ. 15/3/2006-3ਫ.ਫ./132
ਚੰਡੀਗੜ੍ਹ 20-10-2011 ਵੱਲੋਂ ਪੰਜਾਬ ਸਰਕਾ
ਰਾਜ ਪ੍ਰਬੰਧ ਵਿਭਾਗ (ਸੁਤੰਤਰਤਾ ਸੰਗਰਾਮੀ ਸ਼ਾ
ਵੱਲ : ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ ਅਤੇ ਹੋ

www.employeesforum.in

ਵਿਸ਼ਾ : ਆਜਾਦੀ ਘੁਲਾਟੀਆਂ ਦੀਆਂ ਪਤਨੀਆਂ
ਰਾਜ ਦੇ ਸੁਤੰਤਰਤਾ ਸੰਗਰਾਮੀਆਂ, ਉਨ੍ਹਾਂ
ਵਿਧਵਾਵਾਂ ਅਤੇ ਅਣਵਿਆਹੀਆਂ ਅਤੇ ਬੇ
ਲੜਕੀਆਂ ਵਾਂਗ ਇਨਡੋਰ ਇਲਾਜ ਤੋਂ ਆਏ
ਪ੍ਰਤੀ ਪੂਰਤੀ ਦੀ ਸਹੂਲਤ ਉਪਲੱਬਧ ਕਰਨ

ਸ਼੍ਰੀਮਾਨ ਜੀ,

ਉਪਰੋਕਤ ਵਿਸ਼ੇ ਤੇ ਸਰਕਾਰ ਦੇ ਪੱਤਰ ਨੰ. 15/3/2006-8ਪੀ3/14ਮਿਤੀ6-1-2009 ਦੇ ਹਵਾਲੇ ਵਿੱਚ ਮੈਨੂੰ ਸਰਕਾਰ ਦੇ ਪੱਤਰ ਨੰ. 659-5ਐਚਬੀ5-83/1795, ਮਿਤੀ 2-5-1983, ਪਿਠ ਅੰਕਣ ਨੰ.2761-ਐਚ.ਬੀ.5-83/11297 ਮਿਤੀ 5-5-1983 ਅਤੇ ਮੀਮੋ ਨੰ. 21/34/96-5ਸਿ-5/46208 ਮਿਤੀ 22-12-99 ਵੱਲ ਧਿਆਨ ਦਿਵਾਉਣ ਅਤੇ ਇਹ ਸੂਚਿਤ ਕਰਨ ਦੀ ਹਦਾਇਤ ਹੋਈ ਹੈ। ਇਨ੍ਹਾਂ ਹਦਾਇਤਾਂ ਰਾਹੀਂ ਫੈਸਲਾ ਹੋਇਆ ਸੀ ਕਿ ਸੁਤੰਤਰਤਾ ਸੰਗਰਾਮੀਆਂ ਨੂੰ ਰਾਜ ਦੇ ਹਸਪਤਾਲਾਂ ਅਤੇ ਡਿਸਪੈਂਸਰੀਆਂ ਵਿੱਚ ਮੁਫਤ ਮੈਡੀਕਲ ਸਹੂਲਤ ਦਿੱਤੀ ਜਾਵੇਗੀ। ਇਨ੍ਹਾਂ ਹਦਾਇਤਾਂ ਅਨੁਸਾਰ ਸੁਤੰਤਰਤਾ ਸੰਗਰਾਮੀ ਦਾ ਇਲਾਜ ਜੇਕਰ ਦਾਖਲ ਹੋ ਕੇ ਰਿਹਾ ਹੋਵੇ ਤਾਂ ਉਸ ਦੇ ਇਲਾਜ ਵਾਸਤੇ ਵਰਤੀਆਂ ਜਾਣ ਵਾਲੀਆਂ ਦਵਾਈਆਂ ਜੇਕਰ ਹਸਪਤਾਲ ਜਾਂ ਡਿਸਪੈਂਸਰੀ ਵਿੱਚ ਉਪਲੱਬਧ ਨਹੀਂ ਹਨ ਤਾਂ ਉਹ ਦਵਾਈਆਂ ਹਸਪਤਾਲ ਦੇ ਅਧਿਕਾਰੀਆਂ ਵਲੋਂ ਬਜਾਰ ਤੋਂ ਖਰੀਦ ਕੇ ਸੁਤੰਤਰਤਾ ਸੰਗਰਾਮੀਆਂ ਨੂੰ ਮੁਹੱਈਆ ਕਰਵਾਈਆਂ ਜਾਣ ਅਤੇ ਇਹ ਵੀ ਉਪਬੰਧ ਸੀ ਕਿ ਇੰਨਡੋਰ ਇਲਾਜ ਸਮੇਂ ਦਵਾਈ ਡਿਸਪੈਂਸਰੀ/ਹਸਪਤਾਲ ਵਿੱਚ ਉਪਲੱਬਧ ਨਾ ਹੋਣ ਦੀ ਸੂਰਤ ਵਿੱਚ ਸੁਤੰਤਰਤਾ ਸੰਗਰਾਮੀ ਵੱਲੋਂ ਖਰੀਦੀ ਗਈ ਦਵਾਈ ਦੀ ਕੀਮਤ ਦੀ ਪ੍ਰਤੀ ਪੂਰਤੀ ਕੀਤੀ ਜਾਵੇ।

ਉਸ ਤੋਂ ਬਾਅਦ ਸਰਕਾਰ ਦੇ ਪੱਤਰ ਨੰ. 16/23/96-9ਪੀ3/ਸਪੈਸ਼ਨ-223 ਮਿਤੀ 17-4-2001 ਰਾਹੀਂ ਪੰਜਾਬ ਰਾਜ ਦੇ ਸੁੰਤਤਰਤਾ ਸੰਗਰਾਮੀਆਂ ਨੂੰ ਪੰਜਾਬ ਰਾਜ ਦੇ ਪੈਨਸ਼ਨਰਾਂ ਵਾਂਗ ਏਮਜ਼, ਨਵੀਂ ਦਿੱਲੀ, ਪੀ.ਜੀ.ਆਈ. ਚੰਡੀਗੜ੍ਹ ਅਤੇ ਪੰਜਾਬ ਰਾਜ ਦੇ ਅੰਦਰ ਤੇ ਬਾਹਰ ਸਥਿਤ ਪ੍ਰਾਈਵੇਟ ਤੇ ਸਰਕਾਰੀ ਹਸਪਤਾਲਾਂ ਤੇ ਮੈਡੀਕਲ ਸੰਸਥਾਵਾਂ (ਜਿਸ ਵਿੱਚ ਪੈਨਸ਼ਨਰਾਂ ਨੂੰ ਇਲਾਜ ਕਰਵਾਉਣ ਦੀ ਸਹੂਲਤ ਪ੍ਰਾਪਤ ਹੈ) ਵਿੱਚ ਸੁਤੰਤਰਤਾ ਸੰਗਰਾਮੀਆਂ ਨੂੰ ਵੀ ਇਲਾਜ ਦੀ ਸਹੂਲਤ ਮੁਹੱਈਆ ਕਰਵਾਉਣ ਦਾ ਫੈਸਲਾ ਕੀਤਾ ਸੀ।

3. ਪੰਜਾਬ ਸਰਕਾਰ ਨੇ ਦੁਬਾਰਾ ਫੈਸਲਾ ਕੀਤਾ ਹੈ ਕਿ ਆਜ਼ਾਦੀ ਘੁਲਾਟੀਆਂ ਦੀਆਂ ਪਤਨੀਆਂ, ਆਜ਼ਾਦੀ ਘੁਲਾਟੀਆਂ ਦੀਆਂ ਵਿਧਵਾਵਾਂ ਅਤੇ ਉਨ੍ਹਾਂ ਦੀਆਂ ਅਣਵਿਆਹੀਆਂ ਅਤੇ ਬੇਰੋਜ਼ਗਾਰ ਲੜਕੀਆਂ (ਜਿੰਨ੍ਹਾਂ ਨੂੰ ਪੈਨਸ਼ਨ ਲੱਗ ਸਕਦੀ ਹੋਵੇ) ਨੂੰ ਪੰਜਾਬ ਰਾਜ ਦੇ ਆਜ਼ਾਦੀ ਘੁਲਾਟੀਆਂ ਵਾਂਗ ਇਲਾਜ ਦੀ ਸਹੂਲਤ ਮੁਹੱਈਆ ਕਰਵਾਈ ਜਾਵੇ।

4. ਇਹ ਹਦਾਇਤਾਂ ਪਾਲਣਾ ਵਾਸਤੇ ਸਬੰਧਤ ਅਧਿਕਾਰੀਆਂ / ਕਰਮਚਾਰੀਆਂ ਦੇ ਧਿਆਨ ਵਿੱਚ ਲਿਆ ਦਿੱਤੀਆਂ ਜਾਣ।

5. ਇਹ ਹਦਾਇਤਾਂ ਵਿੱਤ ਵਿਭਾਗ ਦੇ ਅੰ:ਵਿ:ਪੱ:ਨੰ: 21-63-2006-5ਸਿ5/1187 ਮਿਤੀ 29-4-2011 ਰਾਹੀਂ ਦਿੱਤੀ ਸਹਿਮਤੀ ਅਨੁਸਾਰ ਜਾਰੀ ਕੀਤੀਆਂ ਜਾਂਦੀਆਂ ਹਨ।

ਸਹੀ/-
ਵਿਸ਼ੇਸ਼ ਸਕੱਤਰ
ਫਰੀਡਮ ਫਾਈਟਰ

www.employeesforum.in